1. ਡੰਡੀ (।) – ਇਹ ਪੂਰਨ ਵਿਸਰਾਮ ਅਤੇ ਠਹਿਰਾਅ ਦਾ ਚਿੰਨ੍ਹ ਹੈ। ਇਸ ਚਿੰਨ੍ਹ ਦੀ ਵਰਤੋਂ ਪ੍ਰਸ਼ਨ-ਵਾਚਕ ਜਾਂ ਵਿਸਮੈ- ਵਾਚਕ ਵਾਕ ਨੂੰ ਛੱਡ ਕੇ ਹਰ ਪ੍ਰਕਾਰ ਦੇ ਵਾਕ ਦੇ ਪੂਰੇ ਹੋ ਜਾਣ ਤੇ ਕੀਤੀ ਜਾਂਦੀ ਹੈ, ਜਿਵੇਂ:-

ਵਿਦਿਆਰਥੀ ਪੜ੍ਹ ਰਹੇ ਸੀ।

ਅਸੀਂ ਸਕੂਲ ਜਾ ਰਹੇ ਹਾਂ।

2. ਪ੍ਰਸ਼ਨ-ਚਿੰਨ੍ਹ (?) – ਇਸ ਚਿੰਨ੍ਹ ਦੀ ਵਰਤੋਂ ਪੂਰਨ ਠਹਿਰਾਓ ਨੂੰ ਪ੍ਰਗਟ ਕਰਦੀ ਹੈ। ਜਿਸ ਵਾਕ ਵਿੱਚ ਕੋਈ ਪ੍ਰਸ਼ਨ ਪੁੱਛਿਆ ਗਿਆ ਹੋਵੇ, ਉਸ ਵਾਕ ਦੇ ਅੰਤ ਤੇ ਪ੍ਰਸ਼ਨ-ਚਿੰਨ੍ਹ ਲਾਇਆ ਜਾਂਦਾ ਹੈ, ਜਿਵੇਂ:-

ਤੁਸੀਂ ਕਿੱਥੋਂ ਆਏ ਹੋ?

ਕੀ ਮੈਂ ਅੰਦਰ ਆ ਸਕਦਾ ਹਾਂ?

3. ਵਿਸਮਕ ਚਿੰਨ੍ਹ (!) – ਜਦੋਂ ਵਾਕ ਵਿੱਚ ਹੈਰਾਨੀ, ਖੁਸ਼ੀ, ਸ਼ੋਕ ਜਾਂ ਹੋਰ ਅਜਿਹੇ ਭਾਵ ਪ੍ਰਗਟ ਕੀਤੇ ਜਾਣ ਤਾਂ ਵਿਸਮਕ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ:-

ਹਾਏ! ਮੈਂ ਸ਼ਰਮ ਨਾਲ਼ ਮਰ ਗਿਆ।

'ਹੈ'! ਉਹ ਫੇਲ੍ਹ ਹੋ ਗਿਆ।

4. ਕਾਮਾ (,) — ਇਸ ਚਿੰਨ੍ਹ ਦੀ ਵਰਤੋਂ ਥੋੜ੍ਹੇ ਠਹਿਰਾਅ ਨੂੰ ਪ੍ਰਗਟ ਕਰਨ ਲਈ ਕੀਤੀ ਜਾਂਦੀ ਹੈ। ਇਹ ਇੱਕ ਵਾਕ ਵਿੱਚ ਕਈ ਥਾਵਾਂ ਤੇ ਆ ਸਕਦਾ ਹੈ। ਇਸ ਦੀ ਵਰਤੋਂ ਧਿਆਨ ਪੂਰਵਕ ਕਰਨੀ ਚਾਹੀਦੀ ਹੈ, ਜਿਵੇਂ :-

ਰਾਮ, ਸ਼ਾਮ, ਮਹੇਸ਼ ਅਤੇ ਅਬਦੁਲ ਸਿਨਮਾ ਦੇਖਣ ਗਏ ਹਨ।

ਸਭ ਜਾਣਦੇ ਹਨ, ਪੜ੍ਹਨਾ ਚੰਗਾ ਕੰਮ ਹੈ।

5. ਬਿੰਦੀ ਕਾਮਾ (;) – ਕਾਮਾ ਤਾਂ ਥੋੜ੍ਹੇ ਠਹਿਰਾਓ ਲਈ ਵਰਤਿਆ ਜਾਂਦਾ ਹੈ, ਪਰ ਜਦੋਂ ਵਾਕ ਵਿੱਚ ਜ਼ਿਆਦਾ ਠਹਿਰਾਓ ਹੋਵੇ ਤਾਂ ਬਿੰਦੀ ਕਾਮਾ ਵਰਤਿਆ ਜਾਂਦਾ ਹੈ। ਆਮ ਹਾਲਤਾਂ ਵਿੱਚ ਇੱਕੋ ਵਾਕ ਵਿੱਚ ਜਦੋਂ ਕਾਮਾ (,) ਨਾਲ਼ੋ ਵੱਧ ਅਤੇ ਡੰਡੀ (।) ਨਾਲ਼ੋਂ ਘੱਟ ਵਿਸਰਾਮ ਦੇਣਾ ਹੋਵੇ ਤਾਂ ਬਿੰਦੀ ਕਾਮਾ (;) ਦੀ ਵਰਤੋਂ ਹੁੰਦੀ ਹੈ, ਜਿਵੇਂ :-

ਤੁਸੀਂ ਉਸ ਨੂੰ ਨਹੀਂ ਜਾਣਦੇ; ਉਹ ਤਾਂ ਰਾਖਸ਼ ਹੈ।

ਠੰਢੀ-ਠੰਢੀ ਹਵਾ ਚੱਲ ਰਹੀ ਹੈ; ਅਸਮਾਨ ਤੇ ਬੱਦਲ ਛਾਏ ਹੋਏ ਹਨ; ਮੋਰ ਪੈਲਾਂ ਪਾ ਰਹੇ ਹਨ; ਕਿੰਨਾ ਸੋਹਣਾ ਨਜ਼ਾਰਾ ਹੈ।